ਕਵਾਡ ਨੇ ਹਿੰਦ-ਪ੍ਰਸ਼ਾਂਤ ਲੌਜਿਸਟਿਕਸ ਨੈੱਟਵਰਕ ਨੂੰ ਅੱਗੇ ਵਧਾਉਣ ਲਈ ਟੋਕੀਓ ਵਿੱਚ ਟੇਬਲਟਾਪ ਅਭਿਆਸ ਪੂਰਾ ਕੀਤਾ

3 ਅਤੇ 4 ਸਤੰਬਰ 2026 ਨੂੰ ਕਵਾਡ ਭਾਈਵਾਲਾਂ (ਆਸਟ੍ਰੇਲੀਆ, ਭਾਰਤ, ਜਾਪਾਨ ਅਤੇ ਸੰਯੁਕਤ ਰਾਜ ਅਮਰੀਕਾ) ਨੇ ਜਾਪਾਨ ਦੇ ਟੋਕੀਓ ਵਿੱਚ ਇੱਕ ਟੇਬਲਟਾਪ ਅਭਿਆਸ (TTX) ਕਰਵਾਇਆ, ਇਸ ਦਾ ਉਦੇਸ਼ ਕਵਾਡ ਹਿੰਦ-ਪ੍ਰਸ਼ਾਂਤ ਲੌਜਿਸਟਿਕਸ ਨੈੱਟਵਰਕ (IPLN) ਨੂੰ ਅੱਗੇ ਵਧਾਉਣਾ ਅਤੇ ਪੂਰੇ ਖੇਤਰ ਵਿੱਚ ਨਾਗਰਿਕ ਐਮਰਜੈਂਸੀ ਪ੍ਰਤੀਕਿਰਿਆ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਨਾ ਸੀ। ਇਹ TTX ਜਾਪਾਨ ਦੇ ਰੱਖਿਆ ਮੰਤਰਾਲੇ ਵੱਲੋਂ ਆਯੋਜਿਤ ਕੀਤਾ ਗਿਆ, ਜਿਸ ਬਾਰੇ ਮਈ 2026 ਵਿੱਚ ਹੋਈ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦੌਰਾਨ ਸਹਿਮਤੀ ਬਣੀ ਸੀ।

2. ਅਪ੍ਰੈਲ 2025 ਵਿੱਚ ਹਵਾਈ ਵਿੱਚ ਹੋਏ ਪਹਿਲੇ IPLN TTX ਅਤੇ ਦਸੰਬਰ 2025 ਵਿੱਚ ਗੁਆਮ ਵਿੱਚ ਹੋਏ ਫੀਲਡ ਟ੍ਰੇਨਿੰਗ ਅਭਿਆਸ (FTX) ਦੇ ਨਤੀਜਿਆਂ ਨੂੰ ਅੱਗੇ ਵਧਾਉਂਦਿਆਂ, ਇਸ TTX ਵਿੱਚ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਵਾਲੇ ਦ੍ਰਿਸ਼ਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ, ਇਸ ਰਾਹੀਂ ਕਵਾਡ ਭਾਈਵਾਲਾਂ ਨੇ ਜਾਂਚ ਕੀਤੀ ਕਿ ਹਰੇਕ ਭਾਈਵਾਲ ਦੀਆਂ ਲੌਜਿਸਟਿਕ ਸਮਰੱਥਾਵਾਂ ਦਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਇਸਤੇਮਾਲ ਕੀਤਾ ਜਾ ਸਕਦਾ ਹੈ, ਨਾਲ ਹੀ ਚਾਰਾਂ ਭਾਈਵਾਲਾਂ ਵਿਚਕਾਰ ਆਪਸੀ ਕਾਰਗੁਜ਼ਾਰੀ ਨੂੰ ਮਜ਼ਬੂਤ ਕਰਨ ਅਤੇ ਤਾਲਮੇਲ ਨੂੰ ਸੁਚਾਰੂ ਬਣਾਉਣ ਦੇ ਤਰੀਕਿਆਂ 'ਤੇ ਵਿਚਾਰ ਕੀਤਾ ਗਿਆ। ਇਸ TTX ਰਾਹੀਂ ਕਵਾਡ ਭਾਈਵਾਲਾਂ ਨੇ IPLN ਦੇ ਮਿਆਰੀ ਕਾਰਜ-ਪ੍ਰਣਾਲੀਆਂ (SOPs) ਦੇ ਵਿਕਾਸ ਵੱਲ ਮਹੱਤਵਪੂਰਨ ਤਰੱਕੀ ਕੀਤੀ, ਇਹ IPLN ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਇੱਕ ਸੰਸਥਾਗਤ ਢਾਂਚਾ ਪ੍ਰਦਾਨ ਕਰਨਗੀਆਂ।

3. ਕਵਾਡ ਭਾਈਵਾਲਾਂ ਨੇ ਹਾਲੀਆ ਵਿਨਾਸ਼ਕਾਰੀ ਹੜ੍ਹਾਂ ਨਾਲ ਪ੍ਰਭਾਵਿਤ ਸਾਰੇ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਅਤੇ ਸੰਵੇਦਨਾ ਪ੍ਰਗਟ ਕੀਤੀ ਅਤੇ ਲੋੜ ਦੇ ਸਮੇਂ ਖੇਤਰੀ ਭਾਈਵਾਲਾਂ ਦੀ ਸਹਾਇਤਾ ਕਰਨ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਸੰਕਟ ਅਤੇ ਐਮਰਜੈਂਸੀ ਦੀਆਂ ਸਥਿਤੀਆਂ ਦੌਰਾਨ ਮਨੁੱਖੀ ਸਹਾਇਤਾ ਅਤੇ ਰਾਹਤ ਕਾਰਜਾਂ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਤਾਲਮੇਲ ਕਿਵੇਂ ਕੀਤਾ ਜਾਵੇ, ਇਸ ਬਾਰੇ ਵੀ ਚਰਚਾ ਕੀਤੀ।

4. IPLN ਇੱਕ ਅਜਿਹੀ ਪਹਿਲ ਹੈ ਜੋ ਕਵਾਡ ਭਾਈਵਾਲਾਂ ਨੂੰ ਆਪਣੀਆਂ ਸਾਂਝੀਆਂ ਲੌਜਿਸਟਿਕ ਸਮਰੱਥਾਵਾਂ ਦਾ ਇਸਤੇਮਾਲ ਕਰਨ ਯੋਗ ਬਣਾਉਂਦੀ ਹੈ, ਤਾਂ ਜੋ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਵੱਡੇ ਪੱਧਰ ਦੀਆਂ ਕੁਦਰਤੀ ਆਫ਼ਤਾਂ ਦੌਰਾਨ ਨਾਗਰਿਕ ਪ੍ਰਤੀਕਿਰਿਆ ਨੂੰ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ ਇਸਦਾ ਉਦੇਸ਼ ਜਾਨਾਂ ਬਚਾਉਣਾ, ਮੁੜ-ਬਹਾਲੀ ਦੇ ਯਤਨਾਂ ਨੂੰ ਤੇਜ਼ ਕਰਨਾ ਅਤੇ ਖੇਤਰੀ ਭਾਈਵਾਲਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੈ। ਇਸ TTX ਨੇ ਖੇਤਰੀ ਚੁਣੌਤੀਆਂ ਨਾਲ ਨਜਿੱਠਣ ਅਤੇ ਇੱਕ ਆਜ਼ਾਦ ਤੇ ਖੁੱਲ੍ਹੇ ਹਿੰਦ-ਪ੍ਰਸ਼ਾਂਤ ਖੇਤਰ ਨੂੰ ਯਕੀਨੀ ਬਣਾਉਣ ਲਈ ਵਿਹਾਰਕ ਸਹਿਯੋਗ ਨੂੰ ਮਜ਼ਬੂਤ ਕਰਨ ਪ੍ਰਤੀ ਕਵਾਡ ਦੀ ਅਟੱਲ ਵਚਨਬੱਧਤਾ ਨੂੰ ਮੁੜ ਪੱਕਾ ਕੀਤਾ। ਕਵਾਡ ਭਾਈਵਾਲ IPLN ਨੂੰ ਅਮਲ ਵਿੱਚ ਲਿਆਉਣ ਲਈ ਲਗਾਤਾਰ ਯਤਨ ਕਰਦੇ ਰਹਿਣਗੇ, ਇਨ੍ਹਾਂ ਯਤਨਾਂ ਵਿੱਚ ਟੇਬਲਟਾਪ ਅਤੇ ਫੀਲਡ ਟ੍ਰੇਨਿੰਗ ਅਭਿਆਸ, ਭਰੋਸਾ ਬਣਾਉਣ ਦੇ ਉਪਾਅ ਅਤੇ ਵਿਸ਼ਾ-ਵਿਸ਼ੇਸ਼ ਮਾਹਿਰਾਂ ਵਿਚਕਾਰ ਗਿਆਨ 'ਤੇ ਤਜਰਬੇ ਦਾ ਆਦਾਨ-ਪ੍ਰਦਾਨ ਸ਼ਾਮਲ ਹੋਵੇਗਾ।

ਨਵੀਂ ਦਿੱਲੀ

13 ਸਤੰਬਰ 2026